SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 24* Issue 106 | Monday, 7 July 2025 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

## ਪ੍ਰਧਾਨ ਮੰਤਰੀ ਵਜੋਂ ਪਹਿਲੀ ਸਟੈਂਪੀਡ ਫੇਰੀ ਦੌਰਾਨ ਕਾਰਨੀ ਨੇ ਤਬੇਲਿਆਂ ਦਾ ਕੀਤਾ ਦੌਰਾ

### ਜੀਐੱਮਸੀ ਸਟੇਡੀਅਮ ਵਿਚ ਚੈੱਕਵੈਗਨ ਦੌੜਾਂ ਦਾ ਲਿਆ ਲੁਤਫ਼








ਕੈਲਗਰੀ, 6 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ, ਜਿਨ੍ਹਾਂ ਨੂੰ ਬਟਨ-ਡਾਊਨ ਬੈਂਕਰ ਵਜੋਂ ਜਾਣਿਆ ਜਾਂਦਾ ਹੈ, ਨੇ ਸ਼ੁੱਕਰਵਾਰ ਸ਼ਾਮ ਨੂੰ ਕੈਲਗਰੀ ਸਟੈਂਪੀਡ ਵਿਖੇ ਕਾਓਬੌਏ ਟੋਪੀ ਪਹਿਨੀ ਅਤੇ ਤਬੇਲਿਆਂ ਦਾ ਦੌਰਾ ਕੀਤਾ। ਰੋਡੀਓ ਮੈਦਾਨਾਂ ਵਿੱਚੋਂ ਲੰਘਦੇ ਹੋਏ ਇੱਕ ਘੰਟੇ ਤੋਂ ਵੱਧ ਦੇ ਦੌਰੇ 'ਤੇ, ਕਾਰਨੀ ਇੱਕ ਟੈਂਕ ਵਿੱਚ ਘੁੰਮਦੇ ਹੋਏ, ਫੂਡ ਸਟੇਸ਼ਨਾਂ 'ਤੇ ਸਨੈਕਸ ਲਏ ਅਤੇ ਦਰਜਨਾਂ ਸੈਲਫੀਆਂ ਲਈ ਪੋਜ਼ ਦਿੱਤੇ।

ਕਾਰਨੀ ਨੇ ਕਿਹਾ ਕਿ ਜਦੋਂ ਉਹ ਸੁਰੱਖਿਆ ਅਤੇ ਕੈਮਰਿਆਂ ਦੇ ਇੱਕ ਦਲ ਨਾਲ ਮਿਡਵੇਅ 'ਤੇ ਸੈਰ ਕਰ ਰਹੇ ਸਨ, ਚੱਕਵੈਗਨ ਦੌੜਾਂ ਲਈ ਗ੍ਰੈਂਡਸਟੈਂਡ ਸਟੇਡੀਅਮ ਵੱਲ ਜਾਂਦੇ ਹੋਏ ਮਿੰਨੀ ਡੋਨਟਸ ਅਤੇ ਪ੍ਰੇਟਜ਼ਲ ਦਾ ਨਮੂਨਾ ਲੈ ਰਹੇ ਸਨ। ਸਟੈਂਪੀਡ ਫੇਰੀ ਪ੍ਰਧਾਨ ਮੰਤਰੀਆਂ ਲਈ ਉਨ੍ਹਾਂ ਦੀ ਰਾਜਨੀਤਿਕ ਪੱਟੀ ਦੀ ਪਰਵਾਹ ਕੀਤੇ ਬਿਨਾਂ ਇੱਕ ਲੰਬੇ ਸਮੇਂ ਤੋਂ ਚੱਲ ਰਹੀ ਪਰੰਪਰਾ ਹੈ। ਪਰ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੀ ਗਰਮੀਆਂ ਦੇ ਰੋਡੀਓ ਵਿੱਚ ਦਿਖਾਈ ਨਹੀਂ ਦਿੱਤੇ ਸਨ।

ਗੂੜ੍ਹੇ-ਨੀਲੇ ਜੀਨਸ, ਇੱਕ ਨੇਵੀ ਸਪੋਰਟ ਕੋਟ ਅਤੇ ਕਰੀਮ ਰੰਗ ਦੀ ਕਾਓਬੌਏ ਟੋਪੀ ਪਹਿਨੇ ਹੋਏ, ਕਾਰਨੀ ਦਾ ਮੈਦਾਨ ਵਿੱਚ ਨਿੱਘਾ ਸਵਾਗਤ ਕੀਤਾ ਗਿਆ, ਹੈਰਾਨ ਸਟੈਂਪੀਡ-ਗੋਅਰਜ਼ ਨਾਲ ਹੱਥ ਮਿਲਾਇਆ ਅਤੇ ਫੂਡ ਸਟੈਂਡ ਦੇ ਪਿੱਛੇ ਕਰਮਚਾਰੀਆਂ ਨਾਲ ਫੋਟੋਆਂ ਖਿੱਚੀਆਂ।

ਉਪਰੰਤ, ਜਦੋਂ ਉਹ ਜੀਐੱਮਸੀ ਸਟੇਡੀਅਮ ਵਿੱਚ ਚੱਕਵੈਗਨ ਦੌੜਾਂ ਤੋਂ ਪਹਿਲਾਂ ਸਟੇਜ 'ਤੇ ਗਏ ਤਾਂ ਲਗਭਗ 17 ਹਜ਼ਾਰ ਲੋਕਾਂ ਦੀ ਭੀੜ ਵਾਲਾ ਸਟੇਡੀਅਮ ਤਾੜੀਆਂ ਨਾਲ ਗੂੰਜ ਉੱਠਿਆ।

## ਵਾਸ਼ਰੂਮ ਵਿੱਚ ਜਿਣਸੀ ਸ਼ੋਸ਼ਣ ਦੇ ਸ਼ੱਕੀ ਦੀ ਫੋਟੋ ਪੁਲਿਸ ਵੱਲੋਂ ਜਾਰੀ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਵਾਸ਼ਰੂਮ ਵਿਚ ਜਿਣਸੀ ਸ਼ੋਸ਼ਣ ਕਰਨ ਵਾਲੇ ਮੁਲਜ਼ਮ ਦੀਆਂ ਤਸਵੀਰਾਂ ਪੁਲਸ ਵੱਲੋਂ ਜਾਰੀ ਕੀਤੀਆਂ ਗਈਆਂ ਹਨ। 24 ਜੂਨ ਦੀ ਸ਼ਾਮ ਨੂੰ ਪੁਲਿਸ ਨੂੰ ਯੋਂਗ ਸਟਰੀਟ ਦੇ ਪੱਛਮ ਵਿੱਚ ਬੇਅ ਅਤੇ ਟੈਂਪਰੈਂਸ ਸਟ੍ਰੀਟ ਦੇ ਖੇਤਰ ਵਿੱਚ ਬੁਲ-ਾਇਆ ਗਿਆ ਸੀ ਅਤੇ ਦੁਪਹਿਰ ਨੂੰ ਹੋਏ ਇੱਕ ਜਿਣਸੀ ਸ਼ੋਸ਼ਣ ਬਾਰੇ ਸੂਚਿਤ ਕੀਤਾ ਗਿਆ ਸੀ। ਇੱਕ ਅਣਜਾਣ ਵਿਅਕਤੀ ਇੱਕ ਜਨਤਕ ਵਾਸ਼ਰੂਮ ਵਿੱਚ ਇੱਕ ਪੀੜਤ ਕੋਲ ਗਿਆ ਅਤੇ ਕਥਿਤ ਤੌਰ 'ਤੇ ਉਨ੍ਹਾਂ 'ਤੇ ਜਿਣਸੀ ਸ਼ੋਸ਼ਣ ਕੀਤਾ, ਫਿਰ ਮੁਲਜ਼ਮ ਫ਼ਰਾਰ ਹੋ ਗਿਆ। ਪੁਲਿਸ ਮੁਤਾਬਕ ਸ਼ੱਕੀ ਦੀ ਉਮਰ ਕਰੀਬ 40 ਸਾਲ, ਕੱਦ ਪੰਜ ਫੁੱਟ ਅੱਠ, ਵਜ਼ਨ ਕਰੀਬ 140 ਪੌਂਡ ਅਤੇ ਕਾਲੇ ਵਾਲ ਹਨ ਤੇ ਇੱਕ ਕਾਲੀ ਗੋਅਟੀ ਵਾਲਾ ਦਾੜ੍ਹੀ ਵਾਲਾ ਸਟਾਈਲ ਕੀਤਾ ਹੋਇਆ ਹੈ। ਪੁਲਿਸ ਨੇ ਕਿਹਾ ਕਿ ਉਸਨੂੰ ਆਖਰੀ ਵਾਰ ਐਨਕਾਂ, ਇੱਕ ਸਲੇਟੀ ਸੂਟ, ਇੱਕ ਚਿੱਟੀ ਡਰੈੱਸ ਕਮੀਜ਼, ਇੱਕ ਗੂੜ੍ਹੇ ਰੰਗ ਦੀ ਬੈਲਟ ਅਤੇ ਗੂੜ੍ਹੇ ਰੰਗ ਦੇ ਜੁੱਤੇ ਪਹਿਨੇ ਦੇਖਿਆ ਗਿਆ ਸੀ। ਪੁਲਸ ਨੇ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ 416-808-5200 'ਤੇ ਜਾਂ ਕ੍ਰਾਈਮ ਸਟੌਪਰਜ਼ ਨੂੰ 416-222- (8477) 'ਤੇ ਸੰਪਰਕ ਕਰਨ ਲਈ ਕਿਹਾ ਹੈ।

## ਗੌਰਡਨ ਰੈਂਡਲ ਸੀਨੀਅਰ ਕਲੱਬ ਵੱਲੋਂ ਮਨਾਈ ਗਈ ਪਿਕਨਿਕ






ਬਰੈਂਪਟਨ, 6 ਜੁਲਾਈ (ਪੋਸਟ ਬਿਊਰੋ): ਬਰੈਂਪਟਨ ਈਸਟ ਦੇ ਹਲਕੇ ਵਿਚ ਸਥਿਤ ਗੌਰਡਨ ਰੈਂਡਲ ਸੀਨੀਅਰ ਕਲੱਬ ਵੱਲੋਂ ਬੋਇਸ ਪਾਰਕ ਵਿਚ ਕੈਨੇਡਾ ਡੇਅ ਪਿਕਨਿਕ ਦਾ ਆਯੋਜਨ ਕੀਤਾ ਗਿਆ। ਇਸ ਪਿਕਨਿਕ ਦੇ ਵਿੱਚ ਆਸ ਪਾਸ ਦੇ ਸੈਂਕੜੇ ਪਰਿਵਾਰਾਂ ਨੇ ਹਿੱਸਾ ਲਿਆ। ਕਲੱਬ ਦੇ ਪ੍ਰਧਾਨ ਮੇਜਰ ਸਿੰਘ ਹਾਂਸਾ ਵੱਲੋਂ ਸਾਰਿਆਂ ਦਾ ਸਵਾਗਤ ਕੀਤਾ ਗਿਆ ਅਤੇ ਕਲੱਬ ਦੀ ਸਾਰੀ ਟੀਮ ਵੱਲੋਂ ਰਲ ਕੇ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਹਲਕੀਆਂ ਫੁਲਕੀਆਂ ਖੇਡਾਂ ਦਾ ਵੀ ਆਯੋਜਨ ਕੀਤਾ ਗਿਆ।

ਇਸ ਮੌਕੇ 'ਤੇ ਬਰੈਂਪਟਨ ਸਿਟੀ ਤੋਂ ਡਿਪਟੀ ਮੇਅਰ ਹਰਕੀਰਤ ਸਿੰਘ, ਰੀਜਨਲ ਕੌਂਸਰਲ ਗੁਰਪ੍ਰਤਾਪ ਸਿੰਘ ਤੂਰ, ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਅਤੇ ਨਾਲ ਦੀ ਨਾਲ ਪ੍ਰੋਵਿਨਸ਼ੀਅਲ ਗਵਾਰਨਮੈਂਟ ਵੱਲੋਂ ਐੱਮਪੀਪੀ ਹਰਦੀਪ ਸਿੰਘ ਗਰੇਵਾਲ ਨੇ ਹਾਜ਼ਰੀ ਲਗਵਾਈ। ਸਟੇਜ ਦੀ ਜ਼ਿੰਮੇਵਾਰੀ ਸਾਬਕਾ ਸਿਟੀ ਕੌਂਸਲਰ ਵਿੱਕੀ ਢਿੱਲੋਂ ਵੱਲੋਂ ਨਿਭਾਈ ਗਈ।

...ਬਾਕੀ ਪੰਨਾ 3 'ਤੇ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ









# TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

**Harcharan S. Grover**
*Chartered Accountant*

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ



Call for Professional Advice
**905.247.0193**
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

# SherGill Law Firm

Barrister, Solicitor & Notary Public

**Services:**
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

# ਜਾਨ ਜੋਖਮ ਵਿੱਚ ਪਾ ਕੇ ਫਿਜ਼ੀਓਥੈਰੇਪਿਸਟ ਨੇ ਲੜਕੇ ਤੇ ਉਸਦੇ ਪਿਤਾ ਨੂੰ ਪਾਣੀ 'ਚੋਂ ਕੱਢਿਆ ਬਾਹਰ, ਪਿਤਾ ਦੀ ਮੌਤ





ਓਟਵਾ, 6 ਜੁਲਾਈ (ਪੋਸਟ ਬਿਊਰੋ): ਓਟਵਾ ਨਦੀ ਵਿਚ ਬੁੱਧਵਾਰ ਨੂੰ ਇਕ ਫਿਜ਼ੀਓਥੈਰੇਪਿਸਟ ਡੇਵਿਡ ਹਿੱਕੀ ਨੇ ਆਪਣੀ ਜਾਨ ਜੋਖ਼ਮ 'ਚ ਪਾ ਕੇ ਇਕ ਲੜਕੇ ਦੀ ਜਾਨ ਬਚਾਈ ਪਰ ਲੜਕੇ ਦੇ ਪਿਤਾ ਦੀ ਮੌਤ ਹੋ ਗਈ। ਡੇਵਿਡ ਨਦੀ ਦੇ ਕੰਢੇ ਦੁਪਹਿਰ ਦੀ ਦੌੜ ਦਾ ਆਨੰਦ ਮਾਣ ਰਿਹਾ ਸੀ ਜਦੋਂ ਉਸਨੇ ਵੈਸਟਬੋਰੋ ਬੀਚ ਦੇ ਨੇੜੇ ਪਾਣੀ ਵਿੱਚ ਹਲਚਲ ਦੇਖੀ। ਜਦੋਂ ਮੈਂ ਆਪਣਾ ਇੱਕ ਹੈੱਡਫੋਨ ਕੱਢਿਆ, ਤਾਂ ਕੁਝ ਚੀਕਾਂ ਸੁਣੀਆਂ ਅਤੇ ਕਿਨਾਰੇ 'ਤੇ ਲੋਕਾਂ ਦਾ ਇੱਕ ਝੁੰਡ ਇਕੱਠਾ ਹੋ ਗਿਆ। ਕਿਨਾਰੇ ਤੋਂ ਲਗਭਗ 20 ਮੀਟਰ ਦੀ ਦੂਰੀ 'ਤੇ ਇਕ ਲੜਕਾ ਪਾਣੀ ਵਿਚ ਡੁੱਬ ਰਿਹਾ ਸੀ। ਆਪਣੀ ਜਾਨ ਦੀ ਪਰਵਾਹ ਨਾ ਕੀਤੇ ਬਿਨਾਂ ਹਿੱਕੀ ਪਾਣੀ ਵਿੱਚ ਕੁੱਦ ਗਿਆ ਤੇ ਲੜਕੇ ਨੂੰ ਬਾਹਰ ਕੱਢ ਲਿਆਇਆ। ਬਾਅਦ ਵਿਚ ਪਤਾ ਲੱਗਾ ਕਿ ਪਾਣੀ ਵਿੱਚ ਲੜਕੇ ਦਾ ਪਿਤਾ ਰੋਵੇਲ ਨਵਾਰੋ ਵੀ ਸੀ, ਜਿਸਨੂੰ ਵੀ ਬਾਹਰ ਕੱਢ ਲਿਆ ਗਿਆ, ਪਰ ਉਸਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ।

# ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਐਸੋਸੀਏਸ਼ਨ ਨੇ ਪਿਕਨਿਕ ਮਨਾਈ



## ਐੱਮਪੀਪੀ ਹਰਦੀਪ ਸਿੰਘ ਗਰੇਵਾਲ ਵੀ ਪਹੁੰਚੇ





ਬਰੈਂਪਟਨ, 6 ਜੁਲਾਈ (ਪੋਸਟ ਬਿਊਰੋ): ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਐਸੋਸੀਏਸ਼ਨ ਆਫ ਕੈਨੇਡਾ ਵੱਲੋਂ ਆਪਣੀ ਸਲਾਨਾ ਪਿਕਨਿਕ 3430 ਡੇਰੀ ਰੋਡ ਈਸਟ ਪੌਲ ਕੈਫੀ ਪਾਰਕ ਵਿਖੇ ਮਨਾਈ ਗਈ। ਇਸ ਮੌਕੇ ਹਲਕਾ ਬਰੈਂਪਟਨ ਈਸਟ ਤੋਂ ਐੱਮਪੀਪੀ ਹਰਦੀਪ ਸਿੰਘ ਗਰੇਵਾਲ ਨੇ ਆਏ ਵਿਸ਼ੇਸ਼ 'ਤੌਰ 'ਤੇ ਆਪਣੀ ਹਾਜ਼ਰੀ ਲਗਵਾਈ। ਉਨ੍ਹਾਂ ਨੇ ਪਹੁੰਚੇ ਹੋਏ ਸਾਰੇ ਹੀ ਪਰਿਵਾਰਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਮੌਕੇ 'ਤੇ ਕਲੱਬ ਦੇ ਪ੍ਰਧਾਨ ਵੱਲੋਂ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਬਹੁਤ ਸਾਰੇ ਪਰਿਵਾਰਾਂ ਨੇ ਇਸ ਪ੍ਰੋਗਰਾਮ ਦੇ ਵਿੱਚ ਹਿੱਸਾ ਲਿਆ। ਇਸ ਦੌਰਾਨ ਬੱਚਿਆਂ ਲਈ ਖੇਡਾਂ ਦਾ ਆਯੋਜਨ ਵੀ ਕੀਤਾ ਗਿਆ। ਇਸ ਦੌਰਾਨ ਸਾਰਿਆਂ ਲਈ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਕਲੱਬ ਦੇ ਪ੍ਰਧਾਨ ਵੱਲੋਂ ਸਾਰੇ ਹੀ ਆਏ ਪਰਿਵਾਰਾਂ ਦਾ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।





**Canada Consumer Credit Assistance** ਕਰਜ਼ਾ ਰਹਿਤ ਜਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

* ਪਾਵਰ ਆਫ ਸੇਲ ਨੋਟਿਸ ?
* ਗਾਰਨਿਸ਼ਮੈਂਟ?
* ਬੈਂਕ ਵਲੋਂ ਪੈਸੇ ਦੀ ਮੰਗ ?
* ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131



Jasbir Singh Hundal
Qualified Credit Counsellor

**416-502-3100**
Unit #20 - 7015 Tranmere Drive Mississauga, ON L5S 1T7

# ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

* How your spouse can join you within 4-6 months
* How your parents can join you
* How students & skilled people can come to Canada
* How international Students & Foreign workers can get their immigration



We do appeal for Refusal cases also

**Sponsor Your Family**

MacroGlobal
Immigration Services Ltd.

Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਗੌਰਡਨ ਰੈਂਡਲ ਸੀਨੀਅਰ ਕਲੱਬ ਵੱਲੋਂ ਮਨਾਈ ਗਈ ਪਿਕਨਿਕ

ਪੰਨਾ 1 ਦਾ ਬਾਕੀ

ਆਏ ਮਹਿਮਾਨਾਂ ਲਈ ਹਰਦੀਪ ਗਰੇਵਾਲ ਵੱਲੋਂ ਬੱਚਿਆਂ ਵਾਸਤੇ ਆਈਸਕਰੀਮ ਸਟਾਲ ਵੀ ਲਗਾਇਆ ਗਿਆ ਅਤੇ ਇਸ ਦੇ ਨਾਲ ਨਾਲ ਵਧੀਆ ਲੰਚ ਅਤੇ ਗਰਮਾ ਗਰਮ ਜਲੇਬੀਆਂ ਅਤੇ ਚਾਹ ਪਾਣੀ ਦਾ ਵੀ ਬੰਦੋਬਸਤ ਕੀਤਾ ਗਿਆ।

ਇਸ ਮੌਕੇ ਕਮਿਊਨਿਟੀ ਆਗੂ ਜੋਤਵਿੰਦਰ ਸੋਢੀ ਵੀ ਸ਼ਾਮਿਲ ਹੋਏ। ਇਸ ਤੋਂ ਬਾਅਦ ਕਲੱਬ ਦੇ ਪ੍ਰਧਾਨ ਮੇਜਰ ਸਿੰਘ ਹਾਂਸਾ, ਉਪ ਪ੍ਰਧਾਨ ਆਰਪੀ ਸਿੰਘ, ਸੈਕਟਰੀ ਗੁਰਬਖਸ਼ ਸਿੰਘ ਅਤੇ ਖਜ਼ਾਨਚੀ ਬਲਵਿੰਦਰ ਸਿੰਘ ਰੱਖੜਾ ਅਤੇ ਉਨ੍ਹਾਂ ਦੀ ਸਾਰੀ ਟੀਮ ਨੇ ਆਏ ਹੋਏ ਸਾਰੇ ਪਰਿਵਾਰਾਂ ਦਾ ਧੰਨਵਾਦ ਕੀਤਾ।







# ਪਾਰਕ ਐਵੇਨਿਊ 'ਚ ਇਮਾਰਤ ਢਹਿਣ ਦੇ ਖ਼ਤਰੇ ਮਗਰੋਂ ਅਪਾਰਟਮੈਂਟ ਕਰਵਾਏ ਖਾਲੀ



ਮਾਂਟਰੀਅਲ, 6 ਜੁਲਾਈ (ਪੋਸਟ ਬਿਊਰੋ): ਮਾਂਟਰੀਅਲ ਫਾਇਰ ਡਿਪਾਰਟਮੈਂਟ ਨੂੰ ਸ਼ੁੱਕਰਵਾਰ ਸ਼ਾਮ ਨੂੰ ਪਠਾਰ-ਮੌਂਟ-ਰਾਇਲ ਬੋਰੋ ਵਿੱਚ ਇੱਕ ਅਪਾਰਟਮੈਂਟ ਇਮਾਰਤ ਦੇ ਢਹਿਣ ਦੇ ਖ਼ਤਰੇ ਸਬੰਧੀ ਸੂਚਨਾ ਮਿਲੀ। ਕਿਰਾਏਦਾਰਾਂ ਦੀ ਸੁਰੱਖਿਆ ਲਈ ਨੇੜਲੀਆਂ ਦੋ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ। ਵਿਭਾਗ ਨੇ ਕਿਹਾ ਕਿ ਇੰਜੀਨੀਅਰਾਂ ਨਾਲ ਇਮਾਰਤ ਦਾ ਮੁਆਇਨਾ ਕੀਤਾ ਗਿਆ, ਜਿਸ ਤੋਂ ਬਾਅਦ ਉਸ ਇਮਾਰਤ ਅਤੇ ਨਾਲ ਲੱਗਦੀਆਂ ਇਮਾਰਤਾਂ ਨੂੰ ਖਾਲੀ ਕਰਵਾਉਣ ਦਾ ਫ਼ੈਸਲਾ ਲਿਆ ਗਿਆ। ਵਿਭਾਗ ਨੇ ਸ਼ਨੀਵਾਰ ਨੂੰ ਪੁਸ਼ਟੀ ਕੀਤੀ ਕਿ ਲਗਭਗ 30 ਲੋਕਾਂ ਨੂੰ ਦੂਜੀ ਜਗ੍ਹਾ ਸ਼ਿਫਟ ਕਰ ਦਿੱਤਾ ਗਿਆ ਸੀ। ਪਾਰਕ ਐਵੇਨਿਊ ਦਾ ਇੱਕ ਹਿੱਸਾ ਢਹਿਣ ਦੇ ਖ਼ਤਰੇ ਕਾਰਨ ਬੰਦ ਹੈ।

ਇਮਾਰਤ ਦੇ ਮਾਲਕ ਗੌਰਡਨ ਜੌਹਨਸਟਨ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸ਼ਹਿਰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਢਾਹੁਣ ਦੀ ਪ੍ਰਕਿਰਿਆ ਆਪਣੇ ਹੱਥਾਂ ਵਿੱਚ ਲਵੇ ਅਤੇ ਮਾਲਕ ਨੂੰ ਤੁਰੰਤ ਬਿੱਲ ਦਾ ਭੁਗਤਾਨ ਕਰੇ।




# ਅੱਗ ਲਾ ਕੇ ਮਾਂ ਦਾ ਕਤਲ ਕਰਨ ਵਾਲੇ ਮੁਲਜ਼ਮ ਲਈ ਕੈਨੇਡਾ ਭਰ 'ਚ ਵਾਰੰਟ ਜਾਰੀ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਡਰਹਮ ਪੁਲਿਸ ਨੇ ਪਿਛਲੇ ਮਹੀਨੇ ਪਿਕਰਿੰਗ ਵਿੱਚ ਲੱਗੀ ਅੱਗ ਦੇ ਸਬੰਧ ਵਿਚ ਦੂਜੇ ਸ਼ੱਕੀ ਦੀ ਪਛਾਣ ਕੀਤੀ ਹੈ ਜਿਸਦੀ ਭਾਲ ਕੀਤੀ ਜਾ ਰਹੀ ਹੈ। ਘਟਨਾ ਵਿਚ ਇੱਕ 69 ਸਾਲਾ ਔਰਤ ਦੀ ਮੌਤ ਹੋ ਗਈ ਸੀ। ਪੁਲਿਸ ਨੇ ਕਿਹਾ ਕਿ 34 ਸਾਲਾ ਐਲਸਟਨ ਕੌਟੀਨਹੋ ਸੈਕਿੰਡ ਡਿਗਰੀ ਕਤਲ ਲਈ ਲੋੜੀਂਦਾ ਹੈ।

ਜਾਣਕਾਰੀ ਅਨੁਸਾਰ, ਬੀਤੀ 11 ਜੂਨ ਦੀ ਦੁਪਹਿਰ ਨੂੰ ਫਿਚ ਐਵੇਨਿਊ ਦੇ ਉੱਤਰ ਵਿੱਚ, ਪ੍ਰਾਈਮਰੋਜ਼ ਕੋਰਟ ਅਤੇ ਫੇਅਰਪੋਰਟ ਰੋਡ ਦੇ ਨੇੜੇ ਇੱਕ ਘਰ ਵਿੱਚ ਅੱਗ ਲੱਗ ਗਈ। ਜਦੋਂ ਅਮਲੇ ਪਹੁੰਚੇ, ਤਾਂ ਉਨ੍ਹਾਂ ਨੂੰ ਘਰ ਦੇ ਅੰਦਰ ਇੱਕ 69 ਸਾਲਾ ਔਰਤ ਮ੍ਰਿਤਕ ਮਿਲੀ। ਪੋਸਟਮਾਰਟਮ ਤੋਂ ਬਾਅਦ, ਉਸਦੀ ਮੌਤ ਨੂੰ ਕਤਲ ਕਰਾਰ ਦਿੱਤਾ ਗਿਆ। ਪੁਲਿਸ ਨੇ ਉਸਦੀ ਪਛਾਣ ਜਾਰੀ ਨਹੀਂ ਕੀਤੀ ਹੈ, ਪਰ ਸਾਰਜੈਂਟ ਜੋਆਨ ਬੋਰਟੋਲਸ ਨੇ ਸ਼ਨੀਵਾਰ ਨੂੰ ਪੁਸ਼ਟੀ ਕੀਤੀ ਕਿ ਮ੍ਰਿਤਕ 34 ਸਾਲਾ ਸੈਂਡਰਾ ਕੌਟੀਨਹੋ ਦੀ ਮਾਂ ਹੈ, ਜਿਸਨੂੰ 19 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਕਤਲ ਦਾ ਦੋਸ਼ ਲਗਾਇਆ ਗਿਆ ਸੀ।

ਪੁਲਿਸ ਦਾ ਕਹਿਣਾ ਹੈ ਕਿ ਐਲਸਟਨ ਦੀ ਗ੍ਰਿਫ਼ਤਾਰੀ ਲਈ ਕੈਨੇਡਾ ਭਰ ਵਿੱਚ ਵਾਰੰਟ ਜਾਰੀ ਹੈ। ਜੇਕਰ ਕਿਸੇ ਕੋਲ ਵੀ ਕੋਈ ਸੂਚਨਾ ਹੋਵੇ, ਉਹ ਪੁਲਸ ਨਾਲ 1-800-222- (8477) 'ਤੇ ਕਤਲ ਕਾਲ ਕਰ ਸਕਦਾ ਹੈ।

# ਬਰਮਿੰਘਮ ਟੈਸਟ 'ਚ ਭਾਰਤ ਨੇ ਇੰਗਲੈਂਡ ਨੂੰ 336 ਦੌੜਾਂ ਨਾਲ ਹਰਾਇਆ



ਬਰਮਿੰਘਮ, 6 ਜੁਲਾਈ (ਪੋਸਟ ਬਿਊਰੋ): ਭਾਰਤੀ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਦੇ ਦੋਵੇਂ ਪਾਰੀਆਂ 'ਚ ਸੈਂਕੜਿਆਂ ਮਗਰੋਂ ਮੁਹੰਮਦ ਸਿਰਾਜ ਤੇ ਅਕਾਸ਼ਦੀਪ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ ਭਾਰਤ ਨੇ ਅੱਜ ਇੱਥੇ ਐਂਡਰਸਨ-ਤੇਂਦੁਲਕਰ ਟਰਾਫੀ ਦੇ ਦੂਜੇ ਕ੍ਰਿਕਟ ਟੈਸਟ ਮੈਚ ਵਿੱਚ ਇੰਗਲੈਂਡ ਨੂੰ 336 ਦੌੜਾਂ ਨਾਲ ਹਰਾ ਦਿੱਤਾ। ਜਿੱਤ ਲਈ 608 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਮੇਜ਼ਬਾਨ ਟੀਮ 271 ਦੌੜਾਂ ਹੀ ਬਣਾ ਸਕੀ। ਇਸ ਜਿੱਤ ਨਾਲ ਪੰਜ ਮੈਚਾਂ ਦੀ ਲੜੀ 'ਚ 1-1 ਨਾਲ ਬਰਾਬਰੀ ਹੋ ਗਈ ਹੈ। ਟੈਸਟ ਮੈਚ 'ਚ ਤੇਜ਼ ਗੇਂਦਬਾਜ਼ ਅਕਾਸ਼ਦੀਪ ਨੇ 10 ਵਿਕਟਾਂ, ਜਦਕਿ ਮੁਹੰਮਦ ਸਿਰਾਜ ਨੇ ਸੱਤ ਵਿਕਟਾਂ ਲਈਆਂ। ਦੱਸਣਯੋਗ ਹੈ ਭਾਰਤ ਨੇ ਮੁੱਖ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ਇਸ ਮੈਚ 'ਚ ਆਰਾਮ ਦਿੱਤਾ ਸੀ ਅਤੇ ਉਸ ਦੀ ਗ਼ੈਰਮੌਜੂਦਗੀ 'ਤੇ ਅਕਾਸ਼ਦੀਪ ਤੇ ਸਿਰਾਜ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟੀਮ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਦੋਵਾਂ ਗੇਂਦਬਾਜ਼ਾਂ ਨੇ ਦੋਵਾਂ ਪਾਰੀਆਂ ਵਿਰੋਧੀ ਟੀਮ ਦੀਆਂ 17 ਵਿਕਟਾਂ ਝਟਕਾਈਆਂ। ਐਜਬਾਸਟਨ ਵਿੱਚ ਭਾਰਤ ਦੀ ਇਹ ਪਹਿਲੀ ਜਿੱਤ ਹੈ। ਲੜੀ ਦਾ ਤੀਜਾ ਟੈਸਟ ਮੈਚ 10 ਜੁਲਾਈ ਤੋਂ ਲੰਡਨ 'ਚ ਹੋਵੇਗਾ।

ਭਾਰਤ ਨੇ ਪਹਿਲੀ ਪਾਰੀ 'ਚ ਕਪਤਾਨ ਸ਼ੁਭਮਨ ਗਿੱਲ ਦੇ ਦੋਹਰੇ ਸੈਂਕੜੇ (269 ਦੌੜਾਂ) ਅਤੇ ਉਪ ਕਪਤਾਨ ਰਿਸ਼ਭ ਪੰਤ (87 ਦੌੜਾਂ) ਤੇ ਰਵਿੰਦਰ ਜਡੇਜਾ (89 ਦੌੜਾਂ) ਦੇ ਨੀਮ ਸੈਂਕੜਿਆਂ ਸਦਕਾ 587/7 ਦਾ ਸਕੋਰ ਬਣਾਇਆ ਸੀ। ਜਦਕਿ ਇੰਗਲੈਂਡ ਦੀ ਟੀਮ ਪਹਿਲੀ ਪਾਰੀ 'ਚ ਹੈਰੀ ਬਰੁੱਕ (158 ਦੌੜਾਂ) ਤੇ ਜੈਮੀ ਸਮਿਥ (184 ਦੌੜਾਂ) ਦੇ ਸੈਂਕੜਿਆਂ ਦੇ ਬਾਵਜੂਦ 407 ਦੌੜਾਂ 'ਤੇ ਆਊਟ ਹੋ ਗਈ ਸੀ ਤੇ ਭਾਰਤ ਨੇ 180 ਦੌੜਾਂ ਦੀ ਲੀਡ ਹਾਸਲ ਕੀਤੀ ਸੀ। ਭਾਰਤ ਨੇ ਦੂਜੀ ਪਾਰੀ ਸ਼ੁਭਮਨ ਗਿੱਲ ਦੇ ਸੈਂਕੜੇ (161 ਦੌੜਾਂ) ਤੇ ਪੰਤ ਤੇ ਜਡੇਜਾ ਦੇ ਅਰਧ ਸੈਂਕੜਿਆਂ ਦੀ ਮਦਦ ਨਾਲ ਛੇ ਵਿਕਟਾਂ ਗੁਆ ਕੇ 427 ਦੌੜਾਂ ਬਣਾਉਂਦਿਆਂ ਇੰਗਲੈਂਡ ਨੂੰ ਜਿੱਤ ਲਈ 608 ਦੌੜਾਂ ਟੀਚਾ ਦਿੱਤਾ ਸੀ। ਟੀਚੇ ਦਾ ਪਿੱਛਾ ਕਰਦਿਆਂ ਮੇਜ਼ਬਾਨ ਟੀਮ ਮੈਚ ਦੇ ਆਖਰੀ ਦਿਨ 271 ਦੌੜਾਂ 'ਤੇ ਆਊਟ ਹੋ ਗਈ। ਟੀਮ ਵੱਲੋਂ ਦੂਜੀ ਪਾਰੀ 'ਚ ਜੈਮੀ ਸਮਿਥ ਨੇ ਸਭ ਤੋਂ ਵੱਧ 88 ਦੌੜਾਂ ਬਣਾਈਆਂ।



# ਆਸ ਦਾ ਅੰਤਲਾ ਦਰ ਨਿਆਂ ਪਾਲਿਕਾ ਵੀ ਨਿਰਾਸ਼ ਕਰਨ ਲੱਗ ਪਈ ਤਾਂ ਫਿਰ ਕੀ ਬਣੇਗਾ !

ਜਤਿੰਦਰ ਪਨੂੰ ਦੀ ਕਲਮ ਤੋਂ



ਸਕੂਲ ਦੀ ਪੜ੍ਹਾਈ ਵੇਲੇ ਜਦੋਂ ਸਾਨੂੰ ਇਹ ਪੜ੍ਹਾਇਆ ਜਾਂਦਾ ਸੀ ਕਿ ਭਾਰਤ ਦਾ ਸੰਵਿਧਾਨ ਕਠੋਰ ਅਤੇ ਲਚਕੀਲਾ ਹੈ ਤਾਂ ਸਾਡੀ ਸਮਝ ਵਿੱਚ ਨਹੀਂ ਸੀ ਪੈਂਦਾ। ਅਸੀਂ ਸੋਚਦੇ ਹੁੰਦੇ ਸਾਂ ਕਿ ਕਠੋਰ ਤਾਂ ਲੋਹੇ ਵਰਗਾ ਹੁੰਦਾ ਹੈ, ਲਚਕੀਲਾ ਨਹੀਂ ਹੋ ਸਕਦਾ ਅਤੇ ਜੇ ਉਹ ਲਚਕੀਲਾ ਹੈ ਤਾਂ ਲੋਹੇ ਵਰਗਾ ਕਠੋਰ ਨਹੀਂ ਹੋ ਸਕਦਾ, ਉਸ ਵਿੱਚ ਇਹ ਦੋਵੇਂ ਗੁਣ ਇੱਕੋ ਵੇਲੇ ਕਿੱਦਾਂ ਹੋ ਸਕਦੇ ਹਨ! ਅਧਿਆਪਕਾਂ ਨੂੰ ਪੁੱਛਦੇ ਸਾਂ ਤਾਂ ਉਹ ਮੰਨਣਾ ਨਹੀਂ ਸੀ ਚਾਹੁੰਦੇ ਕਿ ਪਤਾ ਉਨ੍ਹਾਂ ਨੂੰ ਵੀ ਨਹੀਂ, ਸਗੋਂ ਵਲਾਵੇਂ ਪਾ ਕੇ ਕਿਤਾਬ ਵਿੱਚ ਲਿਖੀ ਇਸ ਗੱਲ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਸਨ ਅਤੇ ਅਸੀਂ ਇਸ ਨਾਲ ਹੋਰ ਵੀ ਉਲਝ ਜਾਂਦੇ ਹੁੰਦੇ ਸਾਂ। ਫਿਰ ਮੁੱਛ ਫੁੱਟਦੀ ਨਾਲ ਜਦੋਂ ਕੁਝ-ਕੁਝ ਸਮਝ ਪੈਣ ਲੱਗੀ ਤਾਂ ਵੇਖਿਆ ਕਿ ਇਹ ਸੰਵਿਧਾਨ ਪੈਸੇ ਵਾਲਿਆਂ ਤੇ ਸੱਤਾ ਦੇ ਨੇੜਲਿਆਂ ਲਈ ਲਚਕੀਲਾ ਹੋ ਜਾਂਦਾ ਅਤੇ ਏਨਾ ਲਚਕੀਲਾ ਹੋ ਜਾਂਦਾ ਹੈ ਕਿ ਕਿਸੇ ਦੂਸਰੇ ਦਾ ਕਿੰਤੂ ਕਰਿਆ ਉਹਦੇ ਅੱਗੇ ਅੜਿੱਕਾ ਨਹੀਂ ਬਣ ਸਕਦਾ। ਉਲਟਾ ਇਹ ਹੋ ਸਕਦਾ ਹੈ ਕਿ ਕਿੰਤੂ ਕਰਨ ਵਾਲੇ ਵਿਰੁੱਧ ਕੇਸ ਦਰਜ ਕਰ ਕੇ ਉਸ ਦੇ ਵਾਰੰਟ ਕੱਢ ਦਿੱਤੇ ਜਾਣ ਅਤੇ ਉਹ ਜਾਨ ਲੁਕਾਉਂਦਾ ਫਿਰੇ। ਅਸੀਂ ਬਚਪਨ ਵਿੱਚ ਇਹੋ ਜਿਹੇ ਕੁਝ ਗਾਣੇ ਵੀ ਸੁਣੇ ਸਨ ਅਤੇ ਕਈ ਵਾਰ ਰਾਹਾਂ ਵਿੱਚ ਮਜਮਾ ਲਾਉਣ ਵਾਲੇ ਮਦਾਰੀਆਂ ਨੂੰ ਵੀ ਕਹਿੰਦੇ ਸੁਣਿਆ ਸੀ ਕਿ 'ਪੈਸਾ ਸੁੱਟ, ਤਮਾਸ਼ਾ ਵੇਖ'। ਸਮੇਂ ਦੇ ਨਾਲ-ਨਾਲ ਸਾਨੂੰ ਇਹ ਸਮਝ ਪੈ ਗਈ ਕਿ ਭਾਰਤ ਵਿੱਚ ਹਰ ਕੰਮ ਵਿੱਚ ਪੈਸੇ ਦਾ ਦਖਲ ਏਨਾ ਜ਼ਿਆਦਾ ਹੈ ਕਿ ਇਹ ਵਿਗੜੇ ਕੰਮ ਸੰਵਾਰ ਸਕਦਾ ਹੈ ਅਤੇ ਜੇ ਪੈਸੇ ਨਾ ਹੋਣ ਤਾਂ ਬੇਗੁਨਾਹ ਹੋਣ ਦੇ ਬਾਵਜੂਦ ਸੱਚਾ ਬੰਦਾ ਝਮੇਲੇ ਵਿੱਚ ਲਪੇਟਿਆ ਜਾ ਸਕਦਾ ਹੈ। ਜਿਨ੍ਹਾਂ ਗੱਲਾਂ ਦੀ ਸਮਝ ਪੈਣ ਵਿੱਚ ਕਸਰ ਰਹਿ ਗਈ ਸੀ, ਉਹ ਸਾਡੇ ਵਕਤ ਵਿੱਚ ਚੱਲਦੇ ਸਿਆਸੀ, ਸਮਾਜੀ, ਕਾਨੂੰਨੀ ਅਤੇ ਹੋਰ ਵਰਤਾਰਿਆਂ ਦੀਆਂ ਨਿੱਤ ਮਿਲਦੀਆਂ ਖਬਰਾਂ ਕੱਢੀ ਜਾਂਦੀਆਂ ਹਨ।

ਜਿਨ੍ਹਾਂ ਚੋਰਾਂ ਬਾਰੇ ਸਾਡੇ ਸਮਾਜ ਵਿੱਚ ਕਿਸੇ ਨੂੰ ਵੀ ਭੁਲੇਖਾ ਨਹੀਂ ਕਿ ਸਭ ਕੁਝ ਲੁੱਟੀ ਜਾਣ ਦੀ ਲੜੀ ਟੁੱਟਣ ਨਹੀਂ ਦੇਂਦੇ, ਅਸੀਂ ਉਹੋ ਜਿਹੇ ਲੋਕਾਂ ਨੂੰ ਕਾਨੂੰਨ ਦਾ ਸ਼ਿਕੰਜਾ ਪੈਂਦਾ ਵੇਖਦੇ ਤੇ ਭਰਮ ਪਾਲ ਲੈਂਦੇ ਹਾਂ ਕਿ ਇਹ ਬੰਦਾ ਸਮਾਜ ਦੇ ਗੱਲੋਂ ਲੱਥ ਜਾਵੇਗਾ, ਪਰ ਕੁਝ ਸਾਲਾਂ ਪਿੱਛੋਂ ਉਹ ਸਾਫ ਨਿਕਲ ਜਾਂਦਾ ਹੈ। ਉਸ ਕੋਲ ਪੈਸਾ ਹੋਣਾ ਚਾਹੀਦਾ ਹੈ, ਭਾਰਤ ਦੇ ਚੋਟੀ ਦੇ ਵਕੀਲਾਂ ਦੀ ਇੱਕ-ਇੱਕ ਦਿਨ ਪੇਸ਼ ਹੋਣ ਦੀ ਫੀਸ ਪੰਦਰਾਂ ਲੱਖ ਤੋਂ ਚੱਲਦੀ ਤੇ ਕੁਝ ਕੇਸਾਂ ਵਿੱਚ ਪੈਂਤੀ ਜਾਂ ਚਾਲੀ ਲੱਖ ਤੋਂ ਵੱਧ ਹੋ ਸਕਦੀ ਹੈ। ਜਿਹੜਾ ਸਾਧਾਰਨ ਭਾਰਤੀ ਨਾਗਰਿਕ ਡੰਗੋ-ਡੰਗ ਦੇ ਚੱਕਰ ਵਿੱਚ ਫਸਿਆ ਹੋਵੇ ਅਤੇ ਇੱਕ ਡੰਗ ਦੀ ਰੋਟੀ ਖਾਣ ਮਗਰੋਂ ਪਰਵਾਰ ਦੇ ਜੀਆਂ ਲਈ ਦੂਸਰੇ ਡੰਗ ਦੀ ਰੋਟੀ ਦੇ ਫਿਕਰ ਵਿੱਚ ਡੁੱਬ ਜਾਂਦਾ ਹੋਵੇ, ਉਹ ਕਿਸੇ ਝਮੇਲੇ ਵਿੱਚ ਫਸਾ ਦਿੱਤਾ ਜਾਵੇ ਤਾਂ ਏਡੀਆਂ ਫੀਸਾਂ ਦੇਣ ਦਾ ਸੁਫਨਾ ਵੀ ਉਸ ਨੂੰ ਖੁਦਕੁਸ਼ੀ ਕਰਨ ਦੇ ਰਾਹ ਪਾਉਣ ਵਾਲਾ ਸਾਬਤ ਹੋ ਸਕਦਦਾ ਹੈ। ਮੱਧ ਦਰਜੇ ਦੇ ਭਾਰਤੀ ਲੋਕ ਵੀ ਏਨੀ ਫੀਸ ਦੇਣ ਜੋਗੇ ਨਹੀਂ ਹੁੰਦੇ। ਦੇਸ਼ ਦਾ ਉਤਲੇ ਪੱਧਰ ਦਾ ਅਮੀਰ ਵਰਗ ਇਹੋ ਜਿਹੀਆਂ ਫੀਸਾਂ ਨੂੰ ਟਿੱਚ ਜਾਣਦਾ ਹੈ, ਕਿਉਂਕਿ ਜਿੱਦਾਂ ਦੀ ਕਮਾਈ ਕੀਤੀ ਹੋਵੇ, ਓਹੋ ਜਿਹੇ ਮੁਕੱਦਮੇ ਵਿੱਚੋਂ ਖਹਿੜਾ ਛੁੱਟਣ ਲਈ ਉਸ ਨੂੰ ਇਹ ਖਰਚ ਨਹੀਂ ਜਾਪਦਾ, ਭਵਿੱਖ ਦਾ ਪੂੰਜੀ ਨਿਵੇਸ਼ ਜਾਂ ਪੂੰਜੀ ਬਾਜ਼ਾਰ ਵਾਲੀ ਭਾਸ਼ਾ ਮੁਤਾਬਕ ਇਨਵੈੱਸਟਮੈਂਟ ਕੀਤੀ ਜਾਂਦੀ ਜਾਪਦੀ ਹੈ। ਇੱਕ ਵਾਰੀ ਇਹੋ ਜਿਹਾ ਅੜਿੱਕਾ ਪਾਰ ਕਰ ਜਾਣ ਵਾਲੇ ਚੋਰ, ਜਿਸ ਨੂੰ ਪੂੰਜੀ ਬਾਜ਼ਾਰ ਦੇ 'ਸੱਭਿਅਕ'ਲੋਕ ਚੋਰ ਦੀ ਥਾਂ ਕਾਰੋਬਾਰੀ ਆਖਣਾ ਵੱਧ ਪਸੰਦ ਕਰਦੇ ਹਨ, ਨੂੰ ਕਾਰੋਬਾਰ ਦੇ ਸਮਾਜਵਾਲੇ ਦੋ ਨੰਬਰੀਏ ਬਾਜ਼ਾਰ ਵਿੱਚ ਸਫਲਤਾ ਦੇ ਇੱਕ ਹੋਰ ਸਰਟੀਫਿਕੇਟ ਵਾਲਾ ਬੰਦਾ ਮੰਨ ਲਿਆ ਜਾਂਦਾ ਤੇ ਭਵਿੱਖ ਵਿੱਚ ਉਸ ਦਾ ਰਾਹ ਕੱਟਣ ਬਾਰੇ ਕਦੇ ਕੋਈ ਨਹੀਂ ਸੋਚਦਾ। ਜੇ ਕਦੇ ਕਿਤੇ ਇਹ ਗੱਲ ਚੱਲ ਪਵੇ ਕਿ ਇਸ ਨੇ ਅਦਾਲਤ ਵਿਚਲਾ ਵੀ ਕੋਈ ਲਿੰਕ ਪੈਦਾ ਕਰ ਕੇ ਵਰਤ ਲਿਆ ਹੈ ਤਾਂ ਉਸ ਦਾ ਦਬਦਬਾ ਹੋਰ ਵਧ ਸਕਦਾ ਹੈਅਤੇ ਫਿਰ ਕੋਈ ਜਾਂਚ ਏਜੰਸੀ ਭਵਿੱਖ ਵਿੱਚ ਉਸ ਨੂੰ ਓਨਾ ਚਿਰ ਹੱਥ ਨਹੀਂ ਪਾਉਂਦੀ, ਜਦੋਂ ਤੱਕ ਉਸ ਵੇਲੇ ਦੀ ਸਰਕਾਰ ਦੀ ਸਰਪ੍ਰਸਤੀ ਨਾ ਦੇਵੇ।

ਭਾਰਤ ਦੇ ਹਰ ਖੇਤਰ ਅਤੇ ਹਰ ਵਿਅਕਤੀ ਬਾਰੇ ਕਿਸੇ ਵੀ ਹੱਦ ਤੱਕ ਜਾ ਕੇ ਕੋਈ ਵੀ ਟਿਪਣੀ ਖੁੱਲ੍ਹੀ ਕਰਨ ਵਾਲੇ ਪੱਤਰਕਾਰ ਅਤੇ ਹੋਰ ਮਾਹਰ ਲੋਕ ਬੜੇ ਚਿਰ ਤੱਕ ਅਦਾਲਤਾਂ ਅਤੇ ਜੱਜਾਂ ਬਾਰੇ ਕੋਈ ਗੱਲ ਕਹਿਣ ਤੋਂ ਝਿਜਕ ਜਿਹੀ ਰੱਖ ਕੇ ਬੋਲਦੇ ਹੁੰਦੇ ਸਨ, ਪਰ ਅੱਜ ਇਹ ਗੱਲ ਨਹੀਂ ਰਹੀ। ਅਗਲੀ ਗੱਲ ਇਹ ਕਿ ਪਹਿਲਾਂ ਜਦੋਂ ਅਦਾਲਤ ਜਾਂ ਜੱਜਾਂ ਵਿਰੁੱਧ ਕੋਈ ਗੱਲ ਕਰਨੀ ਪੈ ਜਾਂਦੀ ਤਾਂ ਸਿਰਫ ਉਨ੍ਹਾਂ ਬਾਰੇਕਰੀਦੀ ਸੀ, ਜਿਹੜੇ ਰਿਟਾਇਰ ਹੋ ਚੁੱਕੇ ਹੋਣ ਜਾਂ ਉਨ੍ਹਾਂ ਵਿਰੁੱਧ ਕੋਈ ਕੇਸ ਦਰਜ ਹੋ ਚੁੱਕਾ ਹੋਵੇ। ਅੱਜਕੱਲ੍ਹ ਅਜਿਹਾ ਨਹੀਂ ਰਿਹਾ, ਸਗੋਂ ਇਹ ਨੌਬਤ ਆ ਚੁੱਕੀ ਹੈ ਕਿ ਇਸ ਵਕਤ ਅਦਾਲਤਾਂ ਵਿੱਚ ਬੈਠ ਕੇ ਫੈਸਲੇ ਕਰਦੇ ਜੱਜਾਂ ਅਤੇ ਉਨ੍ਹਾਂ ਜੱਜਾਂ ਵਿੱਚੋਂ ਸਭ ਤੋਂ ਉੱਪਰਲੇ ਭਾਰਤ ਦੇ ਮੁੱਖ ਜੱਜ ਦਾ ਬਾਕਾਇਦਾ ਨਾਂਅ ਲੈ ਕੇ ਉਨ੍ਹਾਂ ਵਿਰੁੱਧ ਟਿਪਣੀਆਂ ਸੋਸ਼ਲ ਮੀਡੀਆਂ ਉੱਤੇ ਹੋ ਰਹੀਆਂ ਹਨ। ਬਹੁਤੇ ਦਿਨ ਹਾਲੇ ਨਹੀਂ ਹੋਏ, ਸੁਪਰੀਮ ਕੋਰਟ ਦੇ ਪਿਛਲੇ ਮੁੱਖ ਜੱਜ ਦੇ ਕੁਝ ਫੈਸਲਿਆਂ ਅਤੇ ਕੁਝ ਬਿਆਨਾਂ ਕਾਰਨ ਉਨ੍ਹਾਂ ਵਿਰੁੱਧ ਖੁੱਲ੍ਹੀ ਚਰਚਾ ਵਿੱਚ ਉਨ੍ਹਾਂ ਲਈ ਤਿੱਖੀ ਸੁਰ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੁਣਾਈ ਦਿੰਦੀ ਸੀ। ਉਹ ਰਿਟਾਇਰ ਹੋ ਗਏ ਤਾਂ ਉਨ੍ਹਾਂ ਤੋਂ ਬਾਅਦ ਵਾਲੇ ਪੰਜ ਸੀਨੀਅਰ ਜੱਜ ਸਾਹਿਬਾਨ ਵਿੱਚੋਂ ਜਿਹੜੇ ਜੱਜ ਸਾਹਿਬ ਬਾਰੇ ਇਹ ਕਿਹਾ ਜਾਂਦਾ ਹੈ ਕਿ ਅਗਲੇ ਮੁੱਖ ਜੱਜ ਹੋ ਸਕਦੇ ਹਨ, ਉਨ੍ਹਾਂ ਵਿਰੁੱਧ ਵੀ ਏਨਾ ਕੁਝ ਸੁਣਨ ਨੂੰ ਮਿਲ ਰਿਹਾ ਹੈ ਕਿ ਉਸ ਦਾ ਜ਼ਿਕਰ ਕਰਨਾ ਤੱਕ ਔਖਾ ਲੱਗਦਾ ਹੈ।

ਪਹਿਲੀ ਗੱਲ ਇਹ ਸੋਚਣ ਵਾਲੀ ਹੈ ਕਿ ਜੱਜ ਸਾਹਿਬਾਨ ਬਾਰੇ ਇਹ ਸਾਰਾ ਕੁਝ ਸੁਣਨ ਦਾ ਮਾਹੌਲ ਬਣ ਜਾਣ ਦਾ ਕਸੂਰਵਾਰ ਕੌਣ ਹੈ? ਨਰਸਿਮਹਾ ਰਾਉ ਦੇ ਵਕਤ ਸੁਪਰੀਮ ਕੋਰਟ ਦੇ ਇੱਕ ਜੱਜ ਦੇ ਖਿਲਾਫ ਮਹਾਂ-ਦੋਸ਼ ਮਤਾ ਜਦੋਂ ਲੋਕ ਸਭਾ ਵਿੱਚ ਪੇਸ਼ ਹੋਇਆ ਤਾਂ ਸਭ ਕੁਝ ਹਰ ਕਿਸੇ ਨੂੰ ਸਪੱਸ਼ਟ ਹੋਣ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਰਾਏ ਇਸ ਬਾਰੇ ਮਿਲ ਜਾਣ ਦੇ ਬਾਵਜੂਦ ਹਾਕਮ ਧਿਰ ਵਿੱਚੋਂ ਵੀ ਅਤੇ ਵਿਰੋਧੀ ਧਿਰ ਵਿੱਚੋਂ ਵੀ ਕਈ ਮੈਂਬਰਾਂ ਨੇ ਅਦਾਲਤੀ ਸਿਸਟਮ ਦੀ ਸਫਾਈ ਲਈ ਮੌਕਾ ਵਰਤਣ ਦੀ ਥਾ ਜੱਜ ਸਾਹਿਬ ਦੇ ਬਚਾਅ ਵਾਸਤੇ ਵੋਟਾਂ ਪਾ ਦਿੱਤੀਆਂ। ਉਸ ਵਕਤ ਇਹ ਚਰਚਾ ਆਮ ਸੀ ਕਿ ਇਸ ਵੋਟਿੰਗ ਕਰਨ ਲਈ ਅੰਦਰਖਾਤੇ ਦੀ ਕਈ ਤਰ੍ਹਾਂ ਦੀ ਸਾਂਝ ਦੀ ਸਹਿਮਤੀ ਬਣੀ ਹੈ ਕਿ ਸਿਆਸਤ ਦੇ ਧਨੰਤਰ ਫਸਣ ਤਾਂ ਨਿਆਂ ਪਾਲਿਕਾ ਬਹੁਤੀ ਸਖਤੀ ਨਾ ਕਰੇ ਤੇ ਜੱਜ ਵਿਰੁੱਧ ਇਸ ਮਤੇ ਨੂੰ ਪਾਰਲੀਮੈਂਟ ਮੈਂਬਰ ਪਾਰ ਨਹੀਂ ਲੱਗਣ ਦੇਣਗੇ। ਅਸੀਂ ਇਸ ਚਰਚਾ ਨੂੰ ਕਿਸੇ ਚੁਸਤ ਟਿਪਣੀਕਾਰ ਦੀ ਘਾੜਤ ਸਮਝਦੇ ਰਹੇ ਤੇ ਵਕਤ ਸੱਚ ਦੀ ਪੁਸ਼ਟੀ ਕਰਨ ਲੱਗ ਪਿਆ ਅਤੇ ਦੋਵੇਂ ਧਿਰਾਂ ਵਿੱਚੋਂ ਕੁਝ ਲੋਕ ਇੱਕ-ਦੂਸਰੇ ਦੀ ਢਾਲ ਬਣਦੇ ਦਿੱਸਣ ਲੱਗੇ। ਇਸ ਵਰਤਾਰੇ ਕਾਰਨ ਕਈ ਮੌਕਿਆਂ ਉੱਤੇ ਜੱਜਾਂ ਬਾਰੇ ਤਿੱਖੀ ਸੁਰ ਵਾਲੀਆਂ ਟਿਪਣੀਆਂ ਹੋਈਆਂ, ਪਰ ਇਨ੍ਹਾਂ ਦੀ ਪਰਵਾਹ ਕਿਸੇ ਨੇ ਨਹੀਂ ਕੀਤੀ ਅਤੇ 'ਪੈਸਾ ਸੁੱਟ, ਤਮਾਸ਼ਾ ਦੇਖ' ਦਾ ਅਮਲ ਆਪਣੇ ਆਪ ਚੱਲਦਾ ਰਿਹਾ। ਇਹੋ ਖੇਡ ਇੱਕ ਦਿਨ ਭਾਰਤ ਨੂੰ ਏਹੋ ਜਿਹਾ ਕਾਲਾ ਦਿਨ ਦਿਖਾਉਣ ਤੱਕ ਲੈ ਗਈ ਕਿ ਦੇਸ਼ ਦੀ ਰਾਜਧਾਨੀ ਵਾਲੀ ਹਾਈ ਕੋਰਟ ਦੇ ਜੱਜ ਦੇ ਘਰ ਅੱਗ ਲੱਗੀ ਅਤੇ ਉਸ ਘਰ ਦੀ ਇੱਕ ਕੋਠੜੀ ਵਿੱਚ ਪੰਦਰਾਂ ਕਰੋੜ ਤੋਂ ਵੱਧ ਰੁਪਇਆਂ ਦੇ ਨੋਟ ਬੋਰੀਆਂ ਵਿੱਚ ਪਏ ਸੜ ਜਾਣ ਦੀ ਖਬਰ ਨੇ ਪੂਰੇ ਦੇਸ਼ ਨੂੰ ਹਲੂਣ ਦਿੱਤਾ। ਕਮਾਲ ਦੀ ਗੱਲ ਕਿ ਅਸੀਂ ਲੋਕ ਸੁਣਦੇ ਆਏ ਸਾਂ ਕਿ 'ਚੋਰ ਦੀ ਮਾਂ, ਕੋਠੀ ਵਿੱਚ ਮੂੰਹ' ਹੁੰਦਾ ਹੈ, ਏਥੇ ਨਿਆਂ ਪਾਲਿਕਾ ਦੀ ਇੱਕ ਥੰਮ੍ਹੀ ਨੂੰ ਕੀੜਾ ਲੱਗਾ ਫੜਿਆ ਗਿਆ, ਪਰ ਜਨਾਬ ਜੱਜ ਸਾਹਿਬ ਨਾ ਗਲਤੀ ਮੰਨਣ ਨੂੰ ਤਿਆਰ ਹੋਏ, ਨਾ ਅਸਤੀਫਾ ਦਿੱਤਾ ਅਤੇ ਗੱਲ ਫਿਰ ਲੋਕ ਸਭਾ ਵਿੱਚ ਮਤਾ ਪੇਸ਼ ਕਰਨਵਾਲੇ ਰਾਹ ਉੱਤੇ ਤੁਰ ਪਈ ਹੈ।

ਕੋਈ ਨਹੀਂ ਜਾਣਦਾ ਕਿ ਜਸਟਿਸ ਯਸ਼ਵੰਤ ਵਰਮਾ ਦੇ ਕੇਸ ਬਾਰੇ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਕਿਹੜਾ ਰੁਖਧਾਰਨ ਕਰਦੇ ਹਨ, ਇਸ ਲਈ ਇਸ ਕੇਸ ਦੀ ਥਾਂ ਅਸੀਂ ਦੂਸਰੇ ਪੱਖ ਦੀ ਚਰਚਾ ਦੀ ਲੋੜ ਵੱਧ ਸਮਝਦੇ ਹਾਂ। ਪਿਛਲੇ ਦਿਨਾਂ ਵਿੱਚ ਕੁਝ ਨਵੇਂ ਕੇਸ ਬਣੇ ਹਨ ਅਤੇ ਹਰ ਇਹੋ ਜਿਹੇ ਕੇਸ ਨਾਲ ਇਹ ਚਰਚਾ ਚੱਲੀ ਹੈ ਕਿ ਪਿਛਲੇ ਕੇਸਾਂ ਦਾ ਕੁਝ ਬਣਿਆ ਨਹੀਂ, ਇਨ੍ਹਾਂ ਦੋਸ਼ੀਆਂ ਦਾ ਵੀ ਕੁਝ ਨਹੀਂ ਵਿਗੜਨ ਲੱਗਾ, ਸਿਰਫ ਚਾਰ ਦਿਨ ਹੰਗਾਮੇ ਹੋਣਗੇ ਤੇ ਮਾਮਲਾ ਘੱਟੇ-ਕੌਡੀਆਂ ਰਲਾ ਦਿੱਤਾ ਜਾਵੇਗਾ। ਏਦਾਂ ਦੀ ਗੱਲ ਤਾਜ਼ਾ ਦਰਜ ਹੁੰਦੇ ਕੇਸਾਂ ਤੋਂ ਚੱਲਦੀ ਅਤੇ ਫਿਰ ਪਿਛਲੇ ਕੇਸਾਂ ਦੀ ਕਹਾਣੀ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਸਮੇਂ ਉੱਠਣ ਵਾਲੇ ਬੋਫੋਰਜ਼ ਤੋਪ ਸੌਦੇ ਤੱਕ ਨਾਲ ਜਾ ਜੁੜਦੀ ਹੈ। ਉਨ੍ਹਾਂ ਕੇਸਾਂ ਦੇ ਦੋਸ਼ੀਆਂ ਲਈ ਭਾਰਤ ਦਾ ਸੰਵਿਧਾਨ ਤੇ ਕਾਨੂੰਨ ਦੋਵੇਂ ਲਚਕੀਲੇ ਸਾਬਤ ਹੋਏ ਸਨ। ਕਾਰਨ ਇਹ ਸੀ ਕਿ ਉਸ ਸੌਦੇ ਦੇ ਦੋਸ਼ੀਆਂ ਵਿੱਚੋਂ ਕੁਝਨਾਂ ਦਾ ਸੰਬੰਧ ਕਾਂਗਰਸ ਦੇ ਆਗੂ ਨਹਿਰੂ-ਗਾਂਧੀ ਪਰਵਾਰ ਨਾਲ ਸਿੱਧਾ ਜੁੜਦਾ ਸੀ ਅਤੇ ਦੂਸਰੇ ਕੁਝ ਦੋਸ਼ੀਆਂ ਦੀ ਨੇੜਤਾ ਭਾਜਪਾ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਹੋਣ ਬਾਰੇ ਹਰ ਕੋਈ ਜਾਣਦਾ ਸੀ। ਉਸ ਕੇਸ ਦੇ ਬਾਅਦ ਨਰਸਿਮਹਾ ਰਾਉ ਸਰਕਾਰ ਦੌਰਾਨ ਹਵਾਲਾ ਕਾਂਡ ਉੱਭਰਿਆ ਤੇ ਠੁੱਸ ਹੋ ਗਿਆ ਸੀ, ਕਿਉਂਕਿ ਉਸ ਦੇ ਦੋਸ਼ੀਆਂ ਵਿੱਚ ਕਾਂਗਰਸ ਦੇ ਆਗੂ ਵੀ ਸ਼ਾਮਲ ਸਨ ਤੇ ਸਿਖਰ ਵਾਲੇ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਦਿੱਲੀ ਦੇ ਮੁੱਖ ਮੰਤਰੀ ਤੱਕ ਫਸਦੇ ਸਨ। ਫਿਰ ਨਰਸਿਮਹਾ ਰਾਉ ਆਪਣੇ ਖਿਲਾਫ ਬਣੇ ਲੱਖੂ ਭਾਈ ਠੱਗੀ ਕੇਸ ਵਿੱਚ ਫਸ ਗਿਆ ਅਤੇ ਭਾਰਤ ਦੇ ਇਤਹਾਸ ਵਿੱਚ ਜੇਲ੍ਹ ਜਾਣ ਵਾਲਾ ਉਹ ਪਹਿਲਾ ਪ੍ਰਧਾਨ ਮੰਤਰੀ ਬਣਨ ਦਾ 'ਮਾਣ' ਰਿਕਾਰਡ ਬਣਾ ਗਿਆ ਸੀ, ਪਰ ਨਤੀਜਾ ਉਸ ਮਾਮਲੇ ਵਿੱਚ ਵੀ ਪਹਿਲੇ ਬਣੇ ਕੇਸਾਂ ਵਰਗਾ ਹੀ ਸਾਹਮਣੇ ਆਇਆਸੀ।

ਅੱਜ ਜਦੋਂ ਕਿਹਾ ਜਾਂਦਾ ਹੈ ਕਿ ਫਲਾਣਾ ਫਸ ਗਿਆ ਤਾਂ ਇੱਕ ਜਣਾ ਕਹਿਣ ਵਾਲਾ ਅਤੇ ਦਸ ਜਣੇ ਉਸ ਨੂੰ ਇਹ ਸਮਝਾਉਣ ਵਾਲੇ ਉੱਠ ਖੜੋਂਦੇ ਹਨ ਕਿ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਵੇਲੇ ਕਾਮਨਵੈੱਲਥ ਖੇਡਾਂ ਦਾ ਛੇਹੱਤਰ ਹਜ਼ਾਰ ਕਰੋੜ ਦਾ ਘਪਲਾ ਫੜਿਆ ਗਿਆ ਸੀ, ਉਸ ਦਾ ਤਾਂ ਕੁਝ ਵੀ ਨਹੀਂ ਸੀ ਬਣਿਆ। ਫਿਰ ਪੌਣੇ ਦੋ ਲੱਖ ਕਰੋੜ ਵਾਲਾ ਟੂ-ਜੀ ਟੈਲੀਕਾਮ ਸਪੈਕਟਰਮ ਦਾ ਘਪਲਾ ਫੜਿਆ ਗਿਆ, ਦੋਸ਼ੀ ਉਸ ਕੇਸ ਵਿੱਚ ਵੀ ਛੁੱਟ ਗਏ। ਅਗਲਾ ਮੁੱਦਾ ਮਨਮੋਹਨ ਸਿੰਘ ਸਰਕਾਰ ਵੇਲੇ ਵਾਪਰੇ ਦਸ ਲੱਖ ਕਰੋੜ ਰੁਪਏ ਦੇ ਕੋਲਾ ਘਪਲੇ ਬਾਰੇ ਸੀ, ਜਿਸ ਵਿੱਚ ਪ੍ਰਧਾਨ ਮੰਤਰੀ ਦਫਤਰ ਤੱਕ ਗੱਲ ਜਾਣ ਪਿੱਛੋਂ ਅਦਾਲਤ ਨੇ ਮਨਮੋਹਨ ਸਿੰਘ ਨੂੰ ਛੱਡ ਕੇ ਹੋਰਨਾਂ ਬਾਰੇ ਬੜਾ ਮਜ਼ਬੂਤ ਕੇਸ ਹੋਣ ਦੀ ਗੱਲ ਕਹੀ ਤਾਂ ਅਗਲੀ ਕਾਰਵਾਈ ਸ਼ੁਰੂ ਹੋਣ ਨਾਲ ਲੋਕ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਬਾਰੇ ਆਸਵੰਦ ਸਨ। ਬਾਅਦ ਵਿੱਚ ਨਤੀਜਾ ਇਸ ਕੇਸ ਦਾ ਵੀ ਪਹਿਲੇ ਕੇਸਾਂ ਵਾਲਾ ਨਿਕਲਿਆ ਤੇ ਜਿਸ ਜਾਂਚ ਏਜੰਸੀ ਸੀ ਬੀ ਆਈ ਨੂੰ ਸੁਪਰੀਮ ਕੋਰਟ ਨੇ ਜਾਂਚ ਏਜੰਸੀ ਦੇ ਬਜਾਏ ਲੀਡਰਾਂ ਦੇ ਪਿੰਜਰੇ ਦਾ ਤੋਤਾ ਕਿਹਾ ਸੀ, ਉਹ ਉਸ ਟਿਪਣੀ ਮਗਰੋਂ ਵੀ ਲੀਡਰਾਂ ਦੇ ਪਿੰਜਰੇ ਦਾ ਤੋਤਾ ਉਂਜ ਹੀ ਬਣੀ ਰਹੀ। ਬਹੁਤੀ ਬਦਨਾਮੀ ਪਿੱਛੋਂ ਅੱਜਕੱਲ੍ਹ ਏਜੰਸੀ ਥੋੜ੍ਹੀ ਪਿਛਾਂਹ ਧੱਕ ਕੇ ਉਹੀ ਸਿਆਸੀ ਧੰਦਾ ਇਨਫੋਰਸਮੈਂਟ ਡਾਇਰੈਕੋਟੇਰੇਟ (ਈ ਡੀ) ਤੋਂ ਕਰਾਇਆ ਜਾ ਰਿਹਾ ਹੈ,ਸਿਰਫ ਨਾਂਅ ਬਦਲਿਆ ਹੈ, ਬਾਕੀ ਕਹਾਣੀ ਪਹਿਲਾਂ ਵਾਂਗ ਹੈ। ਇਸ ਨੂੰ ਅੰਗਰੇਜ਼ੀ ਵਿੱਚ 'ਓਲਡ ਵਾਈਨ ਇਨ ਨਿਊ ਬਾਟਲਜ਼' ਕਹਿੰਦੇ ਸਨ, ਜਿਸ ਨੂੰ ਸਾਡੇ ਭਾਰਤੀ ਲੋਕ 'ਨਵੀਆਂ ਬੋਤਲਾਂ ਵਿੱਚ ਪੁਰਾਣੀ ਸ਼ਰਾਬ' ਵਜੋਂ ਮੰਨ ਲੈਂਦੇ ਹਨ, ਪਰ ਏਦਾਂ ਕੀਤੇ ਜਾਣ ਨੂੰ ਰੋਕ ਨਹੀਂ ਸਕਦੇ। ਇਹ ਅੱਜ ਦੇ ਯੁੱਗ ਵਿੱਚ ਭਰਮ ਹੈ ਕਿ ਲੋਕ ਬਹੁਤ ਵੱਡੀ ਤਾਕਤ ਹਨ, ਬਿਨਾਂ ਸ਼ੱਕ ਉਹ ਵੱਡੀ ਤਾਕਤ ਹਨ, ਪਰ ਅਜੋਕੀ ਭਾਰਤੀ ਸਿਆਸਤ ਨੇ ਉਸ ਵੱਡੀ ਤਾਕਤ ਨੂੰ ਪੁਰਾਣੇ ਸਮੇਂ ਦੇ ਨਵਾਬਾਂ ਮਗਰ ਲਾਮਬੰਦ ਹੁੰਦੇ ਅਤੇ ਜੰਗਾਂ ਵਿੱਚ ਮਰਨ ਜਾਂਦੇ ਲਸ਼ਕਰਾਂ ਵਿੱਚ ਬਦਲ ਛੱਡਿਆ ਹੈ। ਉਹ ਆਪਣੇ ਆਪ ਵਿੱਚ ਇਹੋ ਜਿਹੀ ਤਾਕਤ ਨਹੀਂ ਰਹੇ, ਜਿਹੜੀ ਕਦੇ ਆਪਣੇ ਦੇਸ਼ ਲਈ ਤਾਂ ਕੀ, ਆਪਣੀ ਅਗਲੀ ਪੀੜ੍ਹੀ ਦੇ ਭਵਿੱਖ ਲਈ ਸੋਚ ਸਕਣ ਦੀ ਹਿੰਮਤ ਵੀ ਕਰਨ ਜੋਗੀ ਰਹਿ ਗਈ ਹੋਵੇ। ਸਿਰਫ ਲੋਕ ਹੀ ਨਹੀਂ, ਭਾਰਤ ਦੇਸ਼ ਦਾ ਸਾਰਾ ਲੋਕਤੰਤਰ ਹੀ ਚਿੱਟ ਕੱਪੜੀਏ ਲੁਟੇਰਿਆਂ ਦਾ ਹੱਥ-ਠੋਕਾ ਬਣਿਆ ਪਿਆ ਦਿਖਾਈ ਦੇਂਦਾ ਹੈ। ਬਚਪਨ ਤੋਂ ਜਿੱਦਾਂ ਅਸੀਂ ਇਹ ਗੱਲ ਸੁਣਦੇ ਆਏ ਸਾਂ ਕਿ ਦੇਸ਼ ਦਾ ਸੰਵਿਧਾਨ ਅਤੇ ਕਾਨੂੰਨ ਕਠੋਰ ਤੇ ਲਚਕੀਲਾ ਹੁੰਦਾ ਹੈ, ਏਦਾਂ ਹੀ ਇਹ ਕਹਾਵਤ ਸੁਣਦੇ ਆਏ ਸਾਂ ਕਿ 'ਆਸ ਨਾਲ ਜਹਾਨ ਕਾਇਮ ਹੈ।' ਸਾਡੇ ਸਮਿਆਂ ਵਿੱਚ ਆਸ ਦਾ ਆਖਰੀ ਦਰ ਅਦਾਲਤਾਂ ਮੰਨੀਆਂ ਜਾਂਦੀਆਂ ਹਨ। ਅਸੀਂ ਅਜੇ ਤੱਕ 'ਹਨ' ਸ਼ਬਦ ਦੀ ਵਰਤੋਂ ਕਰਦੇ ਹਾਂ, ਪਰ ਜਿਹੜਾ ਖੋਰਾ ਤੇ ਜਿਸ ਹੱਦ ਤੱਕ ਖੋਰਾ ਭਾਰਤ ਦੇ ਨਿਆਂ-ਪ੍ਰਬੰਧ ਨੂੰ ਲੱਗਾ ਪਿਆ ਅਤੇ ਦਿਨੋਂ-ਦਿਨ ਹੋਰ ਵਧ ਰਿਹਾ ਹੈ, ਉਸ ਦੇ ਬਾਅਦ ਆਸ ਦੀ ਇਹ ਆਖਰੀ ਕੰਨੀ ਵੀ ਲੋਕਾਂ ਦੇ ਹੱਥਾਂ ਵਿੱਚ ਭਲਾ ਕਿੰਨੀ ਕੁ ਦੇਰ ਰਹਿ ਸਕੇਗੀ! ਸਮੁੰਦਰਾਂ ਦੇ ਜਾਣਕਾਰ ਦੱਸਦੇ ਸਨ ਕਿ ਜਦੋਂ ਸਮੁੰਦਰ ਸ਼ਾਂਤ ਹੁੰਦਾ ਹੈ, ਓਦੋਂ ਉਸ ਦੇ ਹੇਠਾਂ ਕਈ ਵਾਰੀ ਕੋਈ ਤੂਫਾਨ ਲੁਕਿਆ ਉਬਾਲੇ ਖਾ ਰਿਹਾ ਹੁੰਦਾ ਹੈ, ਜਿਹੜਾ ਅਚਾਨਕ ਜਦੋਂ ਬਾਹਰ ਨਿਕਲਦਾ ਹੈ ਤਾਂ ਸੁਨਾਮੀ ਆ ਸਕਦੀ ਹੈ। ਅਜੋਕੇ ਭਾਰਤੀ ਲੋਕਾਂ ਦੀ ਸਭ ਕੁਝ ਸਹਿੰਦੇ ਰਹਿਣ ਅਤੇ ਕਦੇ ਕੋਈ ਠੋਸ ਰੋਸ ਨਾ ਕਰਨ ਦੀ ਖਾਮੋਸ਼ੀ ਵੀ ਕਿਸੇ ਦਿਨ ਇਹੋ ਜਿਹਾ ਉਬਾਲਾ ਖਾ ਸਕਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

# ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

## ਲੜਕੀ ਦੀ ਲੋੜ

**Well settled Canada Citizen Khatri Boy,** Punjabi Vegetarian, No Drinking/smoking family, Handsome, M.Com LLB 1987 6"ft. height. Legally devorced, very short marriage. Senior service, Loan officer in Major Canada Bank. We are close knit family, requires all-caste, punjabi educated girl in Canada OR INDIA. New Comers also Considered on PR. Work permit Parents. Please Call or whattsapp +1 437-446 8681

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

(905)793-2202
You can Place Your Business Here
To Reach Wider Audience



For more info Call 905-793-2202 or e-mail ads@punjabipost.ca

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੈਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

## ਲੜਕੇ ਦੀ ਲੋੜ

suitable match for **Sikh Jatt Girl.** Born in Jan 1995, 5'5" tall. **working with the Government of Canada** and resides in Canada. She is a blend of modern values and traditional upbringing—cultured, respectful, and family-oriented. looking for a professionally qualified, well-settled Sikh Jatt boy from a respectable family, preferably residing in Canada. **Contact: +1 306 302 9009**

ਰਾਮਗੜ੍ਹੀਆ ਲੜਕੀਆਂ 1997/5'5" Nursing, 1996/5'5" MA, Beauty Parler Course, ਸੁੰਦਰ, ਮਿਹਨਤੀ ਲਈ Canada, USA, Australia PR/Citizen /ਲੜਕਿਆਂ ਦੀ ਲੋੜ। ਸੰਪਰਕ +919914607554 (whatsaap)

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:

- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com




Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Chairmain's Club Award (2021, 2018, 2015, 2014, 2013, 2012, 2011, 2010)
Platinum Club Award (2020-2017) (2009-2018) (REMAX international)
(2010)
Lifetime Achievement Award (2014)
Advertisement GUARANTEED Till SOLD
Follow Us:
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
NEW Listing in *BRAMPTON*
James Potter/Queen/Bonnie Brae
Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀੱਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.
NEW Listing in *BRAMPTON*
Creditview Rd & Queen St
Approx. 2000 sq.ft. ਟਾਊਨ-ਹਾਊਸ, 4 ਬੈਡਰੂਮ, 3 ਵਾਸ਼ਰੂਮ, 2 ਕਾਰ ਪਾਰਕਿੰਗ। No ਕਾਰਪੇਟ। Eat-in ਕੀੱਚਨ with Granite ਕਾਊਂਟਰਟੋਪ with S/S Appliances. ਮਾਸਟਰ ਬੈਡਰੂਮ with Walk-in ਕਲੋਜਿਟ। Spacious Living Rm & Bed Rms, Laundary on 2nd ਫਲੋਰ। Close to Hwy 407 & 401.
FOR RENT in *BRAMPTON*
Castlemore/The Gore Rd/Cottrelle
2000 sq.ft. ਸੈਮੀ-ਡਿਟੈਚਡ ਹਾਉਸ 4 ਬੈਡਰੂਮ + 3 ਵਾਸ਼ਰੂਮ, Hardwood Floor, ਮਾਸਟਰ ਬੈਡਰੂਮ with 4-ਪੀਸ ਇਨਸੂਇਟ,Walk-in ਕਲੋਜਿਟ। Oak staircase, No ਕਾਰਪੇਟ। Eat-in ਕੀੱਚਨ with S/S appliances. 3 ਕਾਰ ਪਾਰਕਿੰਗ। Close to Asian Food Plaza, buses, hwy's & more.
FOR RENT in *BRAMPTON*
Castlemore/Humberwest/Airport
1600sq.ft. ਸੈਮੀ-ਡਿਟੈਚਡ ਹਾਉਸ, 3 ਬੈਡਰੂਮ + 3 ਵਾਸ਼ਰੂਮ, 3 ਕਾਰ ਪਾਰਕਿੰਗ, Hardwood Floor, Oak staircase, No ਕਾਰਪੇਟ। Eat-in ਕੀੱਚਨ with S/S appliances. Laundary on 2nd ਫਲੋਰ। Close to Buses, Plaza, School & Amenties.
NEW Listing in *MISSISSAUGA*
Hurontario St/Eglington Ave/Nahani Way
700-799 sq.ft. ਅਪਾਰਟਮੈਂਟ, 2 ਬੈਡਰੂਮ +2 ਵਾਸ਼ਰੂਮ, 9ft. ceiling, Modern ਕੀੱਚਨ, New ਲੈਂਮੀਨੇਟ ਫਲੋ, 1 Underground ਪਾਰਕਿੰਗ, ਸਾਰੀਆਂ ਸਹੂਲਤਾਂ ਦੇ ਕੋਲ। Close to Hwy 401 & 403. Close to Square One Mall, Hospital, Plazas, Restaurants, Public Transits, Schools & more.
NEW Listing in *MISSISSAUGA*
Ridgeway Dr./The Collegeway
1200-1399 sq.ft. ਟਾਊਨ-ਹਾਊਸ, 2 ਬੈਡਰੂਮ + 3 ਵਾਸ਼ਰੂਮ, 1 Underground ਪਾਰਕਿੰਗ + Huge Rooftop Patio, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੋਜਿਟ, Eat-in ਕੀੱਚਨ with Quartz ਕਾਊਂਟਰਟੋਪ। Stainless Steel Appl. Close to Major Hwy 403 , 407,401 & QEW.
FOR RENT in *TORONTO*
Dundas St./Church St.
665sq.ft. Brand-New ਅਪਾਰਟਮੈਂਟ, 2 ਬੈਡਰੂਮ + 2 ਵਾਸ਼ਰੂਮ (Spa inspired), Modern ਕੀੱਚਨ, *Unbeatable location* Steps to Yonge-Dundas Square, Eaton Centre, and Toronto Metropolitan University, Bus stop at door step.
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT


The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....
if you are looking for independent mortgage or protection advice....
We're here to help.
* Competitive rates
* Flexible terms
* Fast approval process
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017